Weekly

# CANADA SIKH TIMES

27 July - 2 August 2025

ਕੈਨੇਡਾ ਸਿੱਖ ਟਾਈਮਜ਼

Volume 3 Issue 30

• RELIGION • CULTURE • HERITAGE • BUSINESS

## AI ਰਾਹੀਂ ਗੁਰਬਾਣੀ ਤੇ ਸਿੱਖ ਇਤਿਹਾਸ ਦੇ ਤਥਾਂ ਦੀ ਤੋੜ-ਮਰੋੜ ’ਤੇ SGPC ਨੇ ਜਤਾਇਆ ਰੋਸ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੇ ਗੁਰਬਾਣੀ, ਸਿੱਖ ਇਤਿਹਾਸ ਅਤੇ ਮੂਲ ਸਿੱਧਾਂਤਾਂ ਬਾਰੇ ਕਥਿਤ ਗਲਤ ਜਾਣਕਾਰੀ ਫੈਲਾਉਣ ਵਾਲੇ ਅੀ ਟੂਲਜ਼ ’ਤੇ ਗੰਭੀਰ ਨੋਟਿਸ ਲਿਆ ਹੈ। SGPC ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ChatGPT, DeepSeek, Geimin, Meta, Google, DALL·E, iMdJourney ਸਮੇਤ ਕਈ ਅੀ ਪਲੇਟਫਾਰਮਾਂ ਨੂੰ ਈਮੇਲ ਰਾਹੀਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੁਝ ਐਪਲੀਕੇਸ਼ਨਾਂ ਰਾਹੀਂ ਗੁਰਬਾਣੀ ਦੀ ਤੋੜ-ਮਰੋੜ ਅਤੇ ਸਿੱਖ ਗੁਰੂਆਂ ਦੀਆਂ ਤਸਵੀਰਾਂ ਨੂੰ ਗਲਤ ਢੰਗ ਨਾਲ ਦਰਸਾਉਣਾ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਗੱਲ ਹੈ। ਧਾਮੀ ਨੇ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਰੂਹਾਨੀ ਗਿਆਨ ਲਈ ਅਜਿਹੀਆਂ ਐਪਸ ’ਤੇ ਨਿਰਭਰ ਨਾ ਹੋਣ ਅਤੇ ਪ੍ਰਮਾਣਿਕ ਇਤਿਹਾਸਕ ਸਰੋਤਾਂ ਨੂੰ ਹੀ ਮਾਨਤਾ ਦੇਣ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਵੀ ਮਾਮਲੇ ਦੀ ਸਰਕਾਰੀ ਸਤਰ ’ਤੇ ਨੋਟਿਸ ਲੈਣ ਅਤੇ ਨੀਤੀ ਬਣਾਉਣ ਦੀ ਮੰਗ ਕੀਤੀ ਹੈ।

## Kuljeet Singh Momi Becomes First Sikh Owner in EFL History




A historic chapter has begun in British football. Kuljeet Singh Momi has officially become the first Sikh owner in English Football League (EFL) history after his club, Panjab Warriors, completed the acquisition of Morecambe FC. More than a business deal, this move represents a major step toward diversity and inclusion in professional sports. “This endeavor embodies pride, purpose, and progress,” said Momi. “It’s bigger than football, it’s about breaking ceilings and building legacy.” Founded to uplift underrepresented talent, Panjab Warriors’ entry into English football is being celebrated as a moment of pride for Sikhs and a symbol of multicultural Britain. Supporters and fans see this as a new era for Morecambe FC, one built on unity, ambition, and fresh vision. This milestone is not just history made—it’s a statement that the beautiful game truly belongs to everyone.

## Mumbai University will offer a course on Martyrdom and Teaching of Gurus



The University of Mumbai has decided to introduce an open elective course to acquaint students of the sacrifices of Sikh gurus and martyrs. Responding to a request by Bal Malkit Singh, executive chairman of Maharashtra State Punjabi Sahitya Academy, to start a course on the lines of the Delhi University, Mumbai University VC Prof Ravindra D Kulkarni said the course is being introduced. “As part of our sincere efforts under the NEP, 2020, we are introducing an Open Elective Course that seeks to meaningfully acquaint our students with the enduring teaching of the Sikh gurus,” the VC said. The syllabus for this course has been prepared in consultation with Guru Gobind Singh chair at the university. The need for a course on the sacrifices made by Sikh gurus has been felt for long. This course will be offered to all students irrespective of caste, creed and gender.

DESH VIDESH

# ਗੁਰਬਾਣੀ ਦੇ ਸ਼ੁੱਧ ਉਚਾਰਨ ਲਈ ਵਿਆਕਰਣਿਕ ਸੇਧਾਂ ਦੀ ਸਾਰਥਕਤਾ ਤੇ ਮਹੱਤਵ

- ਗਿਆਨੀ ਜਗਤਾਰ ਸਿੰਘ ਜਾਚਕ

ਜੁਗੋ-ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਖੇ ਇਸ ਅਟੱਲ ਸਚਾਈ ਨੂੰ ਪ੍ਰਵਾਨ ਕੀਤਾ ਗਿਆ ਹੈ ਕਿ ਮਹਾਂਪੁਰਖ ਪਰਮਾਤਮਾ ਦੀ ਅੰਮ੍ਰਿਤ ਬਾਣੀ ਨੂੰ ਵਿਚਾਰਨ ਵਾਲੇ ਮਨੁਖ ਵਿਰਲੇ ਹੀ ਮਿਲਦੇ ਹਨ। ਪਰ, ਇਹ ਵੀ ਇੱਕ ਅਟਲ ਸਚਾਈ ਹੈ ਕਿ ਜਿਹੜੇ ਕੋਈ ਵਿਚਾਰਦੇ ਹਨ, ਉਹ ਗਿਆਨਵਾਨ ਗੁਰਮੁਖ ਬਣ ਕੇ ਸ੍ਵ-ਸਰੂਪ ਵਿੱਚ ਟਿਕ ਜਾਂਦੇ ਹਨ। ਭਾਵ, ਹੁਕਮੀ ਬੰਦੇ ਬਣ ਕੇ ਅਕਾਲ ਪੁਰਖੁ ਵਿੱਚ ਲੀਨ ਹੋ ਜਾਂਦੇ ਹਨ। ਕਿਉਂਕਿ, ਗੁਰਬਾਣੀ ਵੀਚਾਰ ਦੁਆਰਾ ਉਹ ਰੱਬੀ ਹੁਕਮ ਨੂੰ ਬੁੱਝ ਕੇ ਆਪਣੇ ਅੰਦਰੋਂ ਵਿੱਥ ਪਾਊ ਹਉਮੈ ਨੂੰ ਮਿਟਾ ਲੈਂਦੇ ਹਨ। ਗੁਰਵਾਕ ਹੈ:

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥** {ਅੰਗ 935}

ਸਪਸ਼ਟ ਹੈ ਕਿ ਸਚਿਆਰ ਗੁਰਮੁਖ ਮਨੁੱਖ ਬਣ ਕੇ ਜਿਊਣ ਲਈ ਗੁਰਬਾਣੀ ਨੂੰ ਵਿਚਾਰਨਾ ਬਹੁਤ ਅਵਸ਼ਕ ਹੈ। ਪਰ, ਇਹ ਵੀ ਇੱਕ ਅਟੱਲ ਸਚਾਈ ਹੈ ਕਿ ਗੁਰਬਾਣੀ ਦੀ ਵਿਚਾਰ ਕਰਦਿਆਂ ਗੁਰਮਤੀ ਜੀਵਨ ਦੀ ਸਹੀ ਸੇਧ ਤਦੋਂ ਹੀ ਮਿਲ ਸਕਦੀ ਹੈ, ਜੇ ਅਸੀਂ ਗੁਰਬਾਣੀ ਨੂੰ ਗੁਰਬਾਣੀ ਦੀ ਵਿਆਕਰਣਿਕ ਤੇ ਸਿਧਾਂਤਕ ਰੌਸ਼ਨੀ ਵਿੱਚ ਉਚਾਰੀਏ ਤੇ ਵੀਚਾਰੀਏ। ਕਿਉਂਕਿ, ਜੇ ਗੁਰਬਾਣੀ ਦੀ ਲਗ-ਮਾਤ੍ਰ ਨਿਯਮਾਵਲੀ ਤੇ ਵਾਕ ਵੰਡ ਦੀ ਵਿਸਰਾਮਿਕ ਜਾਣਕਾਰੀ ਨਾ ਹੋਵੇ ਤਾਂ ਅਰਥਾਂ ਦੇ ਅਨਰਥ ਹੋ ਜਾਂਦੇ ਹਨ; ਜੋ ਸਾਨੂੰ ਗੁਰਮਤੀ ਸੇਧ ਬਖਸ਼ਣ ਦੀ ਥਾਂ ਭਟਕਾਉਣ ਦਾ ਕਾਰਨ ਬਣ ਸਕਦੇ ਹਨ। ਇਹੀ ਕਾਰਣ ਸੀ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਭਾਈ ਗੋਪਾਲਾ ਜੀ ਨੂੰ ਜਪੁਜੀ ਸਾਹਿਬ ਦੇ ਸ਼ੁਧ ਪਾਠ ਕਰਨ ਬਦਲੇ ਘੋੜੇ ਦੀ ਬਖ਼ਸ਼ਿਸ਼ ਕੀਤੀ ਸੀ। ਅਤੇ "ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰੁ ਸੂਰਾ॥" ਤੁਕ ਵਿੱਚ 'ਕੈ' ਦੀ ਥਾਂ 'ਕੇ' ਦਾ ਅਸ਼ੁਧ ਉਚਾਰਨ ਕਰਨ ਵਜੋਂ ਸਿੱਖ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਰੜੀ ਤਾੜਨਾ ਕੀਤੀ ਸੀ। ਕਿਉਂਕਿ, 'ਕੈ' ਦਾ ਅਰਥ ਹੈ: ਜਾਂ ਅਤੇ 'ਕੇ' ਦਾ ਅਰਥ ਹੈ: ਕੀ?

ਗਿਆਨੀ ਚੰਦਾ ਸਿੰਘ ਜੀ ਦੇ ਸ਼ਗਿਰਦ ਗਿਆਨੀ ਹਜ਼ਾਰਾ ਸਿੰਘ ਜੀ, ਜੋ ਆਪਣੇ ਆਪ ਨੂੰ ਭਾਈ ਮਨੀ ਸਿੰਘ ਜੀ ਦੀ ਸੰਪ੍ਰਦਾਇ ਨਾਲ ਸੰਬੰਧਿਤ ਦੱਸਦੇ ਸਨ, ਨੇ ਸੰਨ 1897-98 ਨੂੰ ਜੈਤਸਰੀ ਦੀ ਵਾਰ ਦੇ ਟੀਕੇ ਦੀ ਭੂਮਿਕਾ ਦੇ ਅੰਤ ਵਿੱਚ ਗੁਰਬਾਣੀ ਵਿਆਕਰਣ ਦੀ ਲੋੜ ਬਾਰੇ ਕੁੱਝ ਸ਼ਬਦ ਇਸ ਤਰ੍ਹਾਂ ਅੰਕਿਤ ਕੀਤੇ ਹਨ:

"ਇਹ ਗੱਲ ਪੱਕੀ ਹੈ ਕਿ ਵਯਾਕਰਣ ਅਰਥ ਕਰਨੇ ਵਿੱਚ ਬਹੁਤ ਕੰਮ ਦਿੰਦਾ ਹੈ ਅਰ ਮਨਘੜਤ ਅਰਥ ਤੇ ਅਨੇਕਾਂ ਤਰ੍ਹਾਂ ਦੀਆਂ ਖਿੱਚਾਂ ਨੂੰ ਜੋ ਲੋਕੀਂ ਆਪੋ ਆਪਣੇ ਮਤਲਬ ਲਈ ਮਾਰਦੇ ਹਨ, ਰੋਕ ਪਾ ਦਿੰਦਾ ਹੈ ਅਰ ਅਰਥ ਦੇ ਅਨਰਥ ਨਹੀਂ ਹੋਣ ਦਿੰਦਾ। ਭਾਵੇਂ ਪੰਜਾਬੀ ਬੋਲੀ ਯਾ ਸੰਸਕ੍ਰਿਤ ਦੇ ਵਯਾਕਰਣ ਦੇ ਸੂਤ੍ਰ ਹਰ ਥਾਂ ਨਹੀਂ ਵਰਤੇ ਜਾ ਸਕਦੇ, ਪਰ ਜੇ ਗੁਣੀ ਜਨ ਮਿਹਨਤ ਕਰਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਖਰਾ ਵਯਾਕਰਨ ਬਣ ਸਕਦਾ ਹੈ, ਕਿਉਂਕਿ ਮਹਾਰਾਜ ਦੀ ਬਾਣੀ ਅਕਾਸ਼ ਦੇ ਤਾਰਿਆਂ ਵਾਙੂੰ ਠੀਕ ਅਰ ਦ੍ਰਿੜ੍ਹ ਨਿਯਮ ਵਿੱਚ ਚਲਦੀ ਹੈ, ਭਾਵੇਂ ਇੱਕ ਅਣਜਾਣ ਪੁਰਖ ਨੂੰ ਅਕਾਸ਼ ਤਾਰੇ ਖਿਲਰੀ ਹੋਈ ਰੇਤ ਤੋਂ ਕੁੱਝ ਵਧੀਕ ਨਹੀਂ ਭਾਸਦੇ।"

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਨ 1954 ਵਿੱਚ ਛਪੀ ਪੁਸਤਕ 'ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ' ਦੀ ਭੂਮਿਕਾ ਵਿੱਚ ਉਨ੍ਹਾਂ ਦੁਆਰਾ ਲਿਖੇ ਸ਼ਬਦ ਵੀ ਗੁਰਬਾਣੀ ਵਿਆਕਰਣ ਤੇ ਨਿਯਮਾਵਲੀ ਦੀ ਲੋੜ ਬਾਰੇ ਸਾਖ ਭਰਦੇ ਹਨ। "ਗੁਰਬਾਣੀ ਅੰਦਰ ਆਈਆਂ ਲਗਾਂ-ਮਾਤ੍ਰਾਂ ਸਤਿਗੁਰੂ ਦੀ ਅਗਾਧ ਨੇਤ ਅਨੁਸਾਰ ਅਜਿਹੇ ਗੁਰਮਤਿ ਅਸੂਲਾਂ ਬੱਧੇ (ਸੈਟ) ਨਿਯਮਾਂ ਅੰਦਰ ਅਜਿਹੇ ਸੋਭਨੀਕ, ਮੋਤੀਆਂ ਵਾਂਙੂ ਜੜੀਆਂ ਹੋਈਆਂ ਹਨ ਕਿ ਇਨ੍ਹਾਂ ਤੋਂ ਬਿਨਾਂ ਕਿਸੇ ਵੀ ਗੁਰਵਾਕ ਪੰਕਤੀ ਦਾ ਭਾਵ ਬਣਦਾ ਹੀ ਨਹੀਂ, ਅਧੂਰਾ ਹੀ ਰਹਿੰਦਾ ਹੈ, ਪੂਰਾ ਹੁੰਦਾ ਹੀ ਨਹੀਂ। ਗੁਰਬਾਣੀ ਦਾ ਤੱਤ ਆਸ਼ਾਵੀ ਭਾਵ ਇਨ੍ਹਾਂ ਲਗਾਂ-ਮਾਤ੍ਰਾਂ ਅੰਦਰ ਹੀ ਗੁਪਤ ਹੈ ਅਤੇ ਅਜਿਹੀ ਤੱਤ ਮਰਯਾਦਾ ਅੰਦਰ ਗੁੰਫਤ ਹੈ ਕਿ ਸਮਗ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅੰਦਰ ਇੱਕ ਰਸ ਨਿਯਮ ਪਰੋਤਾ ਪੂਰਤ ਸੰਧੂਰਤ ਹੈ। ਵਿਲੱਖਣਤਾਮਈ ਵਾਧਾ ਇਹ ਹੈ ਕਿ ਇਨ੍ਹਾਂ ਲਗਾਂ-ਮਾਤ੍ਰਾਂ ਅੰਦਰ ਨਿਯਮਤ ਹੋਏ ਗੁਰਬਾਣੀ ਦੇ ਭਾਵ ਇੱਕ ਤੋਂ ਅਨੇਕ ਨਹੀਂ ਹੋ ਸਕਦੇ। ਇੱਕ ਗੁਰ-ਵਾਕ ਪੰਕਤੀ ਦਾ ਭਾਵ ਇੱਕੋ ਹੀ ਰਹਿੰਦਾ ਹੈ।"



ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਗਿਆਨੀ ਜੁਗਿੰਦਰ ਸਿੰਘ ਜੀ ਅਤੇ ਗਿਆਨੀ ਗੁਰਬਚਨ ਸਿੰਘ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਹੋਣ ਵਾਲੇ ਜੁਲਾਈ 2012 ਦੇ ਗੁਰਮਤਿ ਪ੍ਰਕਾਸ਼ ਵਿੱਚ 'ਗੁਰਬਾਣੀ ਦੀ ਲਗ-ਮਾਤ੍ਰ ਨਿਯਮਾਵਲੀ: ਖੋਜ ਤੇ ਸੰਭਾਵਨਾ' ਦੇ ਸਿਰਲੇਖ ਹੇਠ 'ਖਾਲਸਾ' ਜੀ ਦੇ ਵਿਚਾਰਾਂ ਨੂੰ ਇਉਂ ਪ੍ਰਗਟ ਕੀਤਾ ਹੈ। ਅੰਗ 189 ਦੇ ਸ਼ਬਦ "ਕਰ ਕਰਿ ਟਹਲ ਰਸਨਾ ਗੁਣ ਗਾਵਉ॥" ਦੀ ਵਿਆਖਿਆ ਕਰਦੇ ਸਮੇਂ ਇਹ ਕਹ ਰਹੇ ਹਨ ਕਿ "'ਕਰ' ਸ਼ਬਦ ਮੁਕਤੇ ਨਾਲ, ਹੱਥਾਂ ਦਾ ਵਾਚਕ ਹੈ, 'ਰ' ਨੂੰ ਸਿਹਾਰੀ ਨਾਲ ਕਿਰਿਆ ਦਾ ਵਾਚਕ ਹੈ, 'ਕਰ ਕਰਿ' ਵਿਆਕਰਣ ਵੀ ਵਿਚੇ ਰਖਿਆ ਪਿਆ ਹੈ।"


ਗੁਰਬਾਣੀ ਦੀ ਲਗ ਮਾਤ੍ਰੀ ਨਿਯਮਾਵਲੀ ਦੇ ਵਿਸ਼ੇ ਤੇ ਕੁੱਝ ਹੇਠ ਲਿਖੀਆਂ ਪੁਸਤਕਾਂ ਵਰਨਣ ਯੋਗ ਹਨ। ਜਿਵੇਂ 'ਸ਼ਬਦਾਂਤਿਕ ਲਗਾਂ ਮਾਤ੍ਰਾਂ ਦੇ ਗੁੱਝੇ ਭੇਦ' ਪ੍ਰਿੰ. ਤੇਜਾ ਸਿੰਘ ਜੀ, 'ਗੁਰਬਾਣੀ ਵਿਆਕਰਣ' ਪ੍ਰੋ. ਸਾਹਿਬ ਸਿੰਘ ਜੀ, 'ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ' ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, 'ਨਵੀਨ ਗੁਰਬਾਣੀ ਵਿਆਕਰਣ' ਗਿ. ਹਰਬੰਸ ਸਿੰਘ ਜੀ ਅਤੇ 'ਗੁਰਬਾਣੀ ਦਾ ਸਰਲ ਵਿਆਕਰਣ-ਬੋਧ' ਭਾਈ ਜੋਗਿੰਦਰ ਸਿੰਘ ਜੀ ਆਦਿਕ।

ਪ੍ਰੋਫੈਸਰ ਸਾਹਿਬ ਸਿੰਘ ਜੀ ਹੁਰਾਂ ਲਿਖਿਆ ਹੈ ਕਿ ਦਸੰਬਰ 1920 ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਸਮੇਂ ਖ਼ਾਲਸਾ ਸਕੂਲ ਗੁਜਰਾਂਵਾਲੇ ਦੇ ਗੁਰਦੁਆਰੇ ਵਿੱਚ ਅਖੰਡ ਪਾਠ ਕਰਦਿਆਂ ਦੋ ਤਿੰਨ ਤੁਕਾਂ ਦੀ ਵਿੱਥ 'ਤੇ ਹੀ ਲਫ਼ਜ਼ 'ਸਬਦ' ਤਿੰਨ ਰੂਪਾਂ ਵਿੱਚ ਆ ਗਿਆ - 'ਸਬਦੁ' 'ਸਬਦਿ' 'ਸਬਦ'। ਸੁਤੇ ਹੀ ਇਹ ਖ਼ਿਆਲ ਮੇਰੇ ਮਨ ਵਿੱਚ ਪੈਦਾ ਹੋਇਆ ਕਿ ਇੱਕੋ ਹੀ ਲਫ਼ਜ਼ ਦੇ ਇਹ ਤ੍ਰੈ ਵੱਖਰੇ ਵੱਖਰੇ ਰੂਪ ਹਨ। ਐਸਾ ਕਿਉਂ? ਗੁਰੂ ਨੇ ਮਿਹਰ ਕੀਤੀ ਤੇ ਕੁੱਝ ਸੂਝ ਪੈ ਗਈ। ਉਹੀ ਲਗਾਂ-ਮਾਤ੍ਰਾਂ ਜਿਨ੍ਹਾਂ ਵਲ ਪਹਿਲਾਂ ਕਦੇ ਧਿਆਨ ਨਹੀਂ ਸੀ ਦਿੱਤਾ, ਹੁਣ ਖ਼ਾਸ ਲੋੜੀਂਦੀਆਂ ਜਾਪਣ ਲੱਗੀਆਂ। ਬਸ, ਇਥੋਂ ਹੀ 'ਗੁਰਬਾਣੀ ਵਿਅਕਰਣ' ਪੁਸਤਕ ਦਾ ਮੁੱਢ ਬੱਝਾ।

(ਬਾਕੀ ਫੇਰ)

# HERITAGE

## H1-B ਵੀਜ਼ਾ ਪ੍ਰੋਗਰਾਮ 'ਚ ਬਦਲਾਅ, ਨਾਗਰਿਕਤਾ ਟੈਸਟ ਹੋਵੇਗਾ ਸਖ਼ਤ!




ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਇਮੀਗ੍ਰੇਸ਼ਨ ਨਿਯਮਾਂ (H1-B ਵੀਜ਼ਾ) ਵਿਚ ਸਖ਼ਤੀ ਕਰਨ ਜਾ ਰਿਹਾ ਹੈ, ਜਿਸਦਾ ਸਿੱਧਾ ਅਸਰ ਭਾਰਤੀਆਂ 'ਤੇ ਪੈ ਸਕਦਾ ਹੈ। ਟਰੰਪ ਪ੍ਰਸ਼ਾਸਨ ਨਾਗਰਿਕਤਾ ਟੈਸਟ ਨੂੰ ਹੋਰ ਸਖ਼ਤ ਬਣਾਉਣ 'ਤੇ ਵੀ ਵਿਚਾਰ ਕਰ ਰਿਹਾ ਹੈ। ਯੂ.ਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸ (USCIS) ਦੇ ਨਵੇਂ ਡਾਇਰੈਕਟਰ ਜੋਸਫ਼ ਐਡਲੋ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਟਰੰਪ ਪ੍ਰਸ਼ਾਸਨ ਹੁਨਰਮੰਦ ਵਿਦੇਸ਼ੀ ਕਾਮਿਆਂ ਲਈ H-1B ਵੀਜ਼ਾ ਪ੍ਰਣਾਲੀ ਵਿੱਚ ਬੁਨਿਆਦੀ ਬਦਲਾਅ ਕਰਨ ਦਾ ਇਰਾਦਾ ਰੱਖਦਾ ਹੈ। ਐਡਲੋ ਨੇ ਕਿਹਾ ਕਿ ਅਮਰੀਕੀ ਨਾਗਰਿਕ ਬਣਨ ਦੀ ਪ੍ਰੀਖਿਆ ਬਹੁਤ ਆਸਾਨ ਹੈ ਅਤੇ ਇਸਨੂੰ ਬਦਲਿਆ ਜਾਣਾ ਚਾਹੀਦਾ ਹੈ। ਮੈਨੂੰ ਨਹੀਂ ਲੱਗਦਾ ਕਿ ਇਸ ਸਮੇਂ ਅਸੀਂ ਸੱਚਮੁੱਚ ਕਾਨੂੰਨ ਦੀ ਭਾਵਨਾ ਦੀ ਪਾਲਣਾ ਕਰ ਰਹੇ ਹਾਂ। ਐਡਲੋ ਨੇ ਇਹ ਵੀ ਕਿਹਾ ਕਿ ਟਰੰਪ ਸਰਕਾਰ ਸੰਭਾਵੀ ਅਮਰੀਕੀ ਨਾਗਰਿਕਾਂ ਲਈ ਲੋੜੀਂਦੇ ਨਾਗਰਿਕਤਾ ਟੈਸਟ ਨੂੰ ਬਦਲਣਾ ਚਾਹੁੰਦੀ ਹੈ।

## ਅਮਰੀਕਾ 'ਚ 9 ਨਵੇਂ ਕੌਂਸਲੇਟ ਕੇਂਦਰ ਖੋਲ੍ਹਣ ਦਾ ਐਲਾਨ




ਅਮਰੀਕਾ ਵਿੱਚ ਭਾਰਤੀ ਰਾਜਦੂਤ ਵਿਨੈ ਕਵਾਤਰਾ ਨੇ ਸੰਯੁਕਤ ਰਾਜ ਅਮਰੀਕਾ ਵਿੱਚ 9 ਨਵੇਂ ਭਾਰਤੀ ਕੌਂਸਲੇਟ ਐਪਲੀਕੇਸ਼ਨ ਸੈਂਟਰ ਖੋਲ੍ਹਣ ਦਾ ਐਲਾਨ ਕੀਤਾ ਹੈ, ਜਿਸਦਾ ਉਦੇਸ਼ ਭਾਰਤੀ ਪ੍ਰਵਾਸੀਆਂ ਲਈ ਕੌਂਸਲੇਟ ਸੇਵਾਵਾਂ ਤੱਕ ਪਹੁੰਚ ਵਧਾਉਣਾ ਹੈ। ਇਹ ਨਵੇਂ ਭਾਰਤੀ ਕੌਂਸਲੇਟ ਐਪਲੀਕੇਸ਼ਨ ਸੈਂਟਰ ਬੋਸਟਨ, ਕੋਲੰਬਸ, ਡੱਲਾਸ, ਡੇਟ੍ਰੋਇਟ, ਐਡੀਸਨ, ਓਰਲੈਂਡੋ, ਰਾਲੇ, ਐਂਲੇਏ ਅਤੇ ਸੈਨ ਜੋਸ ਵਿੱਚ ਹੋਣਗੇ। ਇਸ ਤੋਂ ਇਲਾਵਾ ਬਹੁਤ ਜਲਦੀ ਲਾਸ ਏਂਜਲਸ ਵਿੱਚ ਇੱਕ ਹੋਰ ਭਾਰਤੀ ਕੌਂਸਲਰ ਐਪਲੀਕੇਸ਼ਨ ਸੈਂਟਰ ਵੀ ਖੁੱਲ੍ਹੇਗਾ। ਇਹਨਾਂ ਨਵੇਂ ਭਾਰਤੀ ਕੌਂਸਲਰ ਐਪਲੀਕੇਸ਼ਨ ਸੈਂਟਰਾਂ ਦੇ ਖੁੱਲ੍ਹਣ ਨਾਲ ਵਿਆਪਕ ਕੌਂਸਲਰ ਸੇਵਾਵਾਂ ਅਤੇ ਸੰਬੰਧਤ ਡਿਲੀਵਰੀ ਸਮਰੱਥਾਵਾਂ ਪ੍ਰਦਾਨ ਕਰਨ ਵਿੱਚ ਸਾਡੀ ਮੌਜੂਦਗੀ ਵਿੱਚ ਕਾਫ਼ੀ ਵਾਧਾ ਅਤੇ ਵਿਸਤਾਰ ਹੋਵੇਗਾ। ਇਸ ਤੋਂ ਇਲਾਵਾ ਇਹ ਇਹਨਾਂ ਕੌਂਸਲਰ ਸੇਵਾਵਾਂ ਦੀ ਡਿਲੀਵਰੀ ਨੂੰ ਸਾਡੇ ਜੀਵੰਤ ਭਾਰਤੀ ਡਾਇਸਪੋਰਾ ਲਈ ਤੇਜ਼ ਅਤੇ ਵਧੇਰੇ ਪਹੁੰਚਯੋਗ ਬਣਾਵੇਗਾ।

## ਸਿੱਖ ਵਿਦਿਆਰਥੀਆਂ ਨੂੰ ਪ੍ਰੀਖਿਆ ਕੇਂਦਰਾਂ 'ਚ ਧਾਰਮਿਕ ਚਿੰਨ੍ਹ ਲਿਜਾਣ ਦੀ ਆਗਿਆ ਦਿੱਤੀ ਜਾਵੇ



ਰਾਜਸਥਾਨ ਸਰਕਾਰ ਨੇ ਦੁਹਰਾਇਆ ਹੈ ਕਿ ਸਿੱਖ ਭਾਈਚਾਰੇ ਦੇ ਵਿਦਿਆਰਥੀਆਂ ਨੂੰ ਕਿਰਪਾਨ, ਕੜਾ ਅਤੇ ਦਸਤਾਰ ਵਰਗੇ ਧਾਰਮਿਕ ਚਿੰਨ੍ਹ ਪਹਿਨ ਕੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਬੈਠਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਇੱਕ ਸਿੱਖ ਲੜਕੀ ਨੂੰ ਕਿਰਪਾਨ ਪਾਈ ਹੋਣ ਕਾਰਨ ਨਿਆਂਇਕ ਸੇਵਾ ਭਰਤੀ ਪ੍ਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਨਾ ਦੇਣ ਦੀ ਘਟਨਾ ਮਗਰੋਂ ਵੱਡੇ ਪੱਧਰ 'ਤੇ ਨਾਰਾਜ਼ਗੀ ਮਗਰੋਂ ਸਰਕਾਰ ਨੇ 29 ਜੁਲਾਈ ਨੂੰ ਇਸ ਸਬੰਧ ਵਿੱਚ ਇੱਕ ਨਵਾਂ ਨਿਰਦੇਸ਼ ਜਾਰੀ ਕੀਤਾ ਹੈ। ਹਾਲੀਆ ਨਿਰਦੇਸ਼ 'ਚ ਪਿਛਲੀ ਕਾਂਗਰਸ ਸਰਕਾਰ ਵੱਲੋਂ ਜਾਰੀ 2019 ਦੇ ਇੱਕ ਸਰਕੂਲਰ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਵਿੱਚ ਸਾਰੀਆਂ ਸਬੰਧਤ ਧਿਰਾਂ ਨੂੰ Rajasthan Pubilc Serivce Comimsison and Staff Seleciton Board ਵੱਲੋਂ ਕਰਵਾਈਆਂ ਜਾਂਦੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੌਰਾਨ ਸਿੱਖ ਉਮੀਦਵਾਰਾਂ ਨੂੰ ਧਾਰਮਿਕ ਚਿੰਨ ਪਹਿਨਣ ਦੇਣ ਲਈ ਆਖਿਆ ਗਿਆ ਸੀ। ਰਾਜਸਥਾਨ ਘੱਟਗਿਣਤੀ ਕਮਿਸ਼ਨ ਨੇ ਵੀ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਸਿੱਖ ਉਮੀਦਵਾਰਾਂ ਦੀਆਂ ਇਸ ਸਬੰਧੀ ਵਾਰ ਵਾਰ ਸ਼ਿਕਾਇਤਾਂ ਦਾ ਹਵਾਲਾ ਦਿੱਤਾ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਮੌਜੂਦਾ ਨੀਤੀ ਲਾਗੂ ਨਾ ਕਰਨ ਤੋਂ ਭਾਈਚਾਰੇ 'ਚ ਨਾਰਾਜ਼ਗੀ ਪੈਦਾ ਹੋਈ ਹੈ।

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **What is right in the light of this verse?**
   **'ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ' ਬਾਣੀ ਦੀ ਇਸ ਪੰਕਤੀ ਦੇ ਚਾਨਣ ਵਿਚ ਕੀ ਠੀਕ ਹੈ?**

   A. Certain place is sacred (ਕੋਈ ਖਾਸ ਜਗਾ ਪਵਿਤਰ ਹੈ)
   B. The whole world is the abode of God (ਸਾਰੀ ਜਗਾ ਰਬ ਜੀ ਦਾ ਨਿਵਾਸ ਹੈ)
   C. Purity Impurity within us (ਪਵਿਤ੍ਰਤਾ ਅਪਵਿੱਤਰਤਾ ਸਾਡੇ ਅੰਦਰ)
   D. Option B & C correct (B ਅਤੇ C ਠੀਕ ਹੈ)

2. **What is the meaning of highlighted word in the following Gurbani verse?**
   **ਗੁਰਬਾਣੀ ਦੀ ਹੇਠ ਲਿਖੀ ਤੁਕ ਵਿਚ ਉਜਾਗਰ ਹੋਏ ਸ਼ਬਦ ਦਾ ਕੀ ਅਰਥ ਹੈ?**
   **ਹਰਿ ਹਰਿ ਜਨ ਕੈ ਓਟ ਸਤਾਣੀ॥**

   A. Separation (ਵਿਛੋੜਾ) B. Wall (ਕੰਧ)
   C. Strong (ਬਲਵਾਨ) D. Persecute (ਸਤਾਉਣਾ)

3. **Who accepts the effect of Sangat?**
   **ਸੰਗਤ ਦਾ ਅਸਰ ਕੌਣ ਕਬੂਲ ਕਰਦਾ ਹੈ ?**

   A. Humans (ਮਨੁੱਖ)
   B. Animals and birds (ਪਸ਼ੂ ਅਤੇ ਪੰਛੀ)
   C. Soil (ਮਿੱਟੀ)
   D. All of the above (ਉਪਰੋਕਤ ਸਾਰੇ ਹੀ)

(ਦੇਖੋ ਉੱਤਰ ਪੰਨਾ 4 'ਤੇ)

## Simarpreet Singh: From Rooftops to TEDx, Powering a Sustainable India



Simarpreet Singh, CEO of Hartek Group and Founder of Hartek Solar, is a leading voice in India's clean energy movement. From rooftop solar projects to TEDx stages, his journey is reshaping how the country thinks about power—both literally and figuratively. Featured in Forbes 30 Under 30 Asia and among the Top 100 Influential Sikhs, Simarpreet is not just an entrepreneur—he's a nation builder and sustainability advocate. As host of The Journey podcast, he shares insights while pushing for energy equity and environmental responsibility. "It's India's time—and the future must be sustainable," he says. With projects spanning rural villages to urban skylines, his mission is clear: cleaner energy, fairer opportunities, and meaningful growth. In a world demanding real change, Simarpreet isn't waiting—he's building.




## Amjyot Singh Gill From Chandigarh Streets to Global Courts, Redefining Indian Basketball



In a nation dominated by cricket, Amjyot Singh Gill carved out his own path — one jump shot at a time. Born in Chandigarh and molded at the legendary Ludhiana Basketball Academy, the 6'8" forward has become one of India's most decorated basketball exports, blazing a trail from local tournaments to the global stage. A former cricket enthusiast turned hoops phenomenon, Amjyot made history alongside Amritpal Singh as one of the first Indian male players to sign professional basketball contracts abroad, playing in Japan's NBDL and later suiting up for the Oklahoma City Blue in the NBA G-League. But his story is more than a stat line. It's one of grit, rejection, comeback, and sheer love for the game. Whether leading India at the FIBA Asia Championships, dominating the William Jones Cup, or competing at the FIBA 3x3 World Tour Finals, Amjyot has consistently been at the heart of India's basketball evolution — racking up points, rebounds, and respect.Known for his explosive athleticism, sharp court vision, and unshakable confidence, Amjyot isn't just a player — he's a movement. A symbol of how far Indian basketball has come, and how much higher it can still rise. From Punjab state titles to pro arenas across continents, his story has already inspired thousands — and if you ask him, he's only getting warmed up.

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. C 3. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555